ਮਾਪੇ ਹੋਣ ਦੇ ਨਾਤੇ ਅਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਹੋਣ ਕਰਕੇ ਅਸੀਂ ਆਪਣੇ ਬੱਚਿਆਂ ਲਈ ਬੇਹਤਰੀ ਚਾਹੁੰਦੇ ਹਾਂ। ਅਸੀਂ ਚੰਗਾ ਆਚਰਣ ਪੇਸ਼ ਕਰਨ ਲਈ ਬਹੁਤ ਕੋਸ਼ਿਸ਼ਾਂ ਕਰਦੇ ਹਾਂ, ਪਰ ਕਈ ਵਾਰ, ਨਾ ਚਾਹੁੰਦੇ ਹੋਏ ਵੀ, ਅਸੀਂ ਕੁੱਝ ਐਸੀਆਂ ਗਲਾਂ ਕਰ ਸਕਦੇ ਹਾਂ ਜੋ ਬੇਅਦਬੀ ਨੂੰ ਮੁਆਫ ਕਰ ਦਿੰਦੀਆਂ ਹਨ।

ਔਰਤਾਂ ਵਿਰੁਧ ਤਸ਼ੱਦਦ ਦਾ ਗੇੜ ਬੇਅਦਬੀ ਤੋਂ ਸ਼ੁਰੂ ਹੁੰਦਾ ਹੈ। ਜਦੋਂ ਅਸੀਂ  ਇਸ ਤਰ੍ਹਾਂ ਦੇ ਬਹਾਨੇ ਕਰਨ ਲਗ ਪੈਂਦੇ ਹਾਂ ਕਿ “ਲੜਕੇ ਤਾਂ ਲੜਕੇ ਹੀ ਹੁੰਦੇ ਹਨ”, ਜਾਂ “ਉਹ ਇਸ ਤਰ੍ਹਾਂ ਸਿਰਫ ਇਸ ਲਈ ਕਰਦਾ ਹੈ ਕਿਉਂਕਿ ਉਹ ਤੈਨੂੰ ਪਸੰਦ ਕਰਦਾ ਹੈ”, ਤਾਂ ਨੌਜਵਾਨ ਇਹ ਸਮਝਣ ਲਗ ਜਾਂਦੇ ਹਨ ਕਿ ਕੁੱਝ ਕਾਰਨ ਅਤੇ ਸਥਿਤੀਆਂ ਐਸੀਆਂ ਹੁੰਦੀਆਂ ਹਨ ਜਦੋਂ ਬੇਅਦਬੀ ਦਾ ਆਚਰਣ ਪ੍ਰਵਾਨਯੋਗ ਹੁੰਦਾ ਹੈ।

ਸਾਨੂੰ ਉਸ ਵੇਲੇ ਅਵਾਜ਼ ਉਠਾਉਣੀ ਚਾਹੀਦੀ ਹੈ ਜਦੋਂ ਕੋਈ ਵਿਅਕਤੀ ਕੁੱਝ ਐਸੀ ਗਲ ਕਹਿੰਦਾ ਹੈ ਜਾਂ ਕੁੱਝ ਏਸਾ ਕਰਦਾ ਹੈ ਜੋ ਔਰਤਾਂ ਨਾਲ ਬੇਅਦਬੀ ਨੂੰ ਮੁਆਫ ਕਰਦਾ ਹੈ।

ਵਿਹਾਰਾਂ ਅਤੇ ਆਚਰਣ ਦਾ ਸਾਹਮਣਾ ਕਰਦੇ ਹੋਏ ਅਤੇ ਆਪਣੇ ਬੱਚਿਆਂ ਨਾਲ ਇਜ਼ਤ ਬਾਰੇ ਗਲਬਾਤ ਕਰਨ ਨਾਲ, ਅਸੀਂ ਔਰਤਾਂ ਵਿਰੁਧ ਤਸ਼ੱਦਦ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੋਕ ਸਕਦੇ ਹਾਂ।

ਇਸ ਬਾਰੇ ਵਧੇਰੇ ਜਾਣਨ ਲਈ ਹੇਠਾਂ ਦਿੱਤੀ ਇਸ ਮੁਹਿੰਮ ਦੀ ਸਾਮੱਗਰੀ ਨੂੰ ਪੜ੍ਹੋ।